P – 212201

Roll No................................

MA Sem – I - 2

PUNJABI : Course No – 201

Punjabi Vartak : Sidhant, Itihas ate Parvirtian

(Admission of 2009 & onwards)

Regular

(May 2017)

Time : 3 Hours

Max. Marks : 70

ਨੋਟ : ਇਸ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਸਾਰੇ ਭਾਗ ਲਾਜ਼ਮੀ ਹਨ। ਹਰ ਭਾਗ ਦੇ ਮੁੱਢ ਵਿਚ ਦਰਜ਼ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

## ਭਾਗ ਪਹਿਲਾ

14X1=14

(ਨੋਟ : ਕੋਈ ਇਕ ਪ੍ਰਸ਼ਨ ਹਲ ਕਰੋ।)

1. ਸਾਹਿਤ-ਰੂਪ 'ਵਾਰਤਕ' ਦੇ ਸਿੱਧਾਂਤਕ-ਪਹਿਲੂਆਂ ਉਪਰ ਰੌਸ਼ਨੀ ਪਾਉ।
2. 'ਸਵੈ-ਜੀਵਨੀ'ਤੇ 'ਸੰਸਮਰਣ (ਯਾਦਾਂ) ਵਿਚੋਂ, ਕਿਸੇ ਇਕ ਵਾਰਤਕ-ਵਿਧਾ ਦੇ ਸਿੱਧਾਂਤ ਉਪਰ ਰੌਸ਼ਨੀ ਪਾਉ।

## ਭਾਗ ਦੂਜਾ

14X3=42

(ਨੋਟ : ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਉ।)

3. 'ਪੁਰਾਤਨ ਜਨਮਸਾਖੀ'ਦੀ ਮਿਥ-ਸਿਰਜਣ ਪ੍ਰਕਿਰਿਆ ਨਾਲ ਜਾਣ-ਪਛਾਣ ਕਰਾਉ।
4. 'ਮੇਰੀਆਂ ਅਭੁੱਲ ਯਾਦਾਂ'ਦੇ ਆਧਾਰ 'ਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਜੀਵਨ-ਦ੍ਰਿਸ਼ਟੀਕੋਣ ਨੂੰ ਚਰਚਾ ਦਾ ਵਿਸ਼ਾ ਬਣਾਉ।
5. 'ਖ਼ਾਨਾਬਦੋਸ਼' ਪਾਠ-ਪੁਸਤਕ ਨੂੰ, ਸਵੈ-ਜੀਵਨੀ ਦੇ ਸਿੱਧਾਂਤ ਤੋਂ ਪਰਖੋ।
6. 'ਪੁਰਾਤਨ ਜਨਮਸਾਖੀ, 'ਮੇਰੀਆਂ ਅਭੁੱਲ ਯਾਦਾਂ', 'ਖ਼ਾਨਾਬਦੋਸ਼'ਪਾਠ ਪੁਸਤਕਾਂ ਵਿਚੋਂ ਕਿਸੇ ਇਕ ਪਾਠ-ਪੁਸਤਕ ਦੇ ਸਾਹਿਤਕ ਮਹੱਤਵ ਨੂੰ ਉਜਾਗਰ ਕਰੋ।

## ਭਾਗ ਤੀਜਾ

7X2=14

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :
   - i) 'ਮੱਧਕਾਲੀਨਤਾ' ਤੇ 'ਆਧੁਨਿਕਤਾ' ਵਿਚਲਾ ਬੁਨਿਆਦੀ ਅੰਤਰ ਸਪੱਸ਼ਟ ਕਰੋ।
   - ii) 'ਪੁਰਾਤਨ ਜਨਮਸਾਖੀ' ਦੀ ਭਾਸ਼ਾ-ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ।
   - iii) 'ਕਵਿਤਾ' ਤੇ 'ਵਾਰਤਕ' ਵਿਚਲਾ ਅੰਤਰ ਸਪੱਸ਼ਟ ਕਰੋ।
   - iv) 'ਖ਼ਾਨਾਬਦੋਸ਼' ਸਿਰਲੇਖ ਤੋਂ ਕੀ ਭਾਵ ਹੈ?
   - v) 'ਪੁਰਾਤਨ ਜਨਮਸਾਖੀ' ਵਿਚ 'ਵੇਈਂ ਪ੍ਰਵੇਸ਼' ਸਾਖੀ ਦਾ ਵਿਸ਼ੇਸ਼ ਮਹੱਤਵ ਕੀ ਹੈ?
   - vi) 'ਕੰਗਾਲ ਕਵੀਆਂ ਦਾ ਕਲੱਬ' ਵਿਚ ਲੇਖਕ, ਕੰਗਾਲ ਕਵੀਆਂ ਨਾਲ ਕਿਹੜੀ ਭਾਸ਼ਾ ਵਿਚ ਅਤੇ ਕੀ ਗੱਲ ਕਰਦਾ ਹੈ?
   - vii) 'ਇਕ ਨੰਨੀ ਲਿਲਾਹ' ਯਾਦ ਵਿਚ ਗੁਰਬਖ਼ਸ਼ ਸਿੰਘ, ਪ੍ਰੀਤ ਨੂੰ ਕਿਵੇਂ ਪਰਿਭਾਸ਼ਤ ਕਰਦਾ ਹੈ?

Scanned with CamScanner

ique Code :212202

Roll No........

M.A. (Punjabi) Sem. I-2

Course No-202

Paper: Punjabi Lokdhara te Sabhiachar : Sidhant, Itihas ate Parvirtian

(Admission of 2009& onwards)

(Regular)

(May 2017)

Time : 3 Hours

Maximum Marks : 70

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ ।

## ਭਾਗ ਪਹਿਲਾ

1. ਲੋਕਧਾਰਾ ਨੂੰ ਪਰਿਭਾਸ਼ਤ ਕਰਦਿਆਂ, ਇਸ ਦੇ ਤੱਤਾਂ ਅਤੇ ਖੇਤਰ ਨਾਲ ਜਾਣ ਪਛਾਣ ਕਰਾਓ ।

ਜਾਂ

ਲੋਕਧਾਰਾ ਅਤੇ ਆਧੁਨਿਕਤਾ ਦੇ ਅੰਤਰ ਸੰਵਾਦ ਦੀ ਨਿਸ਼ਾਨਦੇਹੀ ਕਰੋ । 14 x 1 = 14

## ਭਾਗ ਦੂਜਾ

2 ਸਭਿਆਚਾਰ ਕੀ ਹੁੰਦਾ ਹੈ ? ਇਸ ਦੇ ਪ੍ਰਮੁੱਖ ਤੱਤਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

ਜਾਂ

ਸਭਿਆਚਾਰ ਵਿਗਿਆਨ ਬਾਰੇ ਵਿਸਤ੍ਰਿਤ ਨੋਟ ਲਿਖੋ । 14 x 1 = 14

## ਭਾਗ ਤੀਜਾ

2. ਪੰਜਾਬੀ ਸਭਿਆਚਾਰ ਦੀਆਂ ਰਸਮਾਂ ਰੀਤਾਂ ਦੀ ਨਿਸ਼ਾਨਦੇਹੀ ਕਰੋ ।

ਜਾਂ

ਮੇਲੇ ਅਤੇ ਤਿਉਹਾਰ ਵਿਚ ਕੀ ਭੇਦ ਹੈ ? ਇਨ੍ਹਾਂ ਦੀ ਸਭਿਆਚਾਰਕ ਦੇਣ ਬਾਰੇ ਚਰਚਾ ਕਰੋ । 14 x 1 = 14

## ਭਾਗ ਚੌਥਾ

3. ਲੋਕਗੀਤ ਦਾ ਭਾਵ ਸਪਸ਼ਟ ਕਰਦਿਆਂ ਪੰਜਾਬੀ ਲੋਕਗੀਤਾਂ ਦਾ ਵਰਗੀਕਰਣ ਕਰੋ ।

ਜਾਂ

ਪੰਜਾਬੀ ਸਭਿਆਚਾਰ ਦੀ ਇਤਿਹਾਸਕ ਵਿਕਾਸ-ਰੇਖਾ ਉਲੀਕੋ । 14 x 1 = 14



Scanned with CamScanner

## ਭਾਗ ਪੰਜਵਾਂ

4. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਅਤੇ ਸਪਸ਼ਟ ਉੱਤਰ ਦਿਓ :

ੳ) ਪੰਜਾਬੀ ਸਭਿਆਚਾਰ ਦੀਆਂ ਵਿਆਹ ਵੇਲੇ ਦੀਆਂ ਕੋਈ ਦੋ ਰਸਮਾਂ ਦੀ ਜਾਣਕਾਰੀ ਦਿਓ ?
ਅ) ਪੰਜਾਬੀ ਸਭਿਆਚਾਰ ਨਾਲ ਵਾਬਸਤਾ ਕੋਈ ਦੋ ਲੋਕ ਕਲਾਵਾਂ ਦੇ ਨਾਂ ਲਿਖੋ ?
ੲ) ਬਸੰਤ ਪੰਚਮੀ ਦਾ ਮੇਲਾ ਕਿਥੇ ਅਤੇ ਕਿਉਂ ਲਗਦਾ ਹੈ ?
ਸ) ਲੋਕ ਨਾਚ ਮਰਦਾਂ ਦਾ ਗਿੱਧਾ ਬਾਰੇ ਟਿੱਪਣੀ ਕਰੋ ?
ਹ) 'ਲੋਕ ਵੇਦ' ਅਤੇ 'ਲੋਕ ਪਰੰਪਰਾ' ਸ਼ਬਦ ਦੀ ਵਰਤੋਂ ਕਿੰਨ੍ਹਾਂ ਲੋਕਯਾਨ ਅਧਿਐਨ ਵਿਗਿਆਨੀਆਂ ਨੇ ਕੀਤੀ ?
ਕ) ਸਭਿਆਚਾਰ ਰੂਪਾਂਤਰਣ ਦੇ ਕੋਈ ਚਾਰ ਪ੍ਰਮੁੱਖ ਕਾਰਨ ਦੱਸੋ ?
ਖ) ਲੋਕ ਕਥਾ ਦੀਆਂ ਚਾਰ ਪ੍ਰਮੁੱਖ ਵੰਨਗੀਆਂ ਦੇ ਨਾਂ ਲਿਖੋ ।

02 x 7 = 14



Scanned with CamScanner

PG-212203(i)

Roll No.........

M.A. Semester. I-II
Punjabi Course No. 203(i)
Paper: Tulnatmak Vishav Sahit: Sidhant, Itihas te Parvirtian
(Admission of 2009 & Onwards)
Regular
May 2017

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 70**

**ਨੋਟ:** ਸਾਰੇ ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

1. ਯੂਨਾਨੀ ਨਾਟ-ਪਰੰਪਰਾ ਦੇ ਨਿਕਾਸ ਅਤੇ ਵਿਕਾਸ ਨੂੰ ਸਪਸ਼ਟ ਕਰਦਿਆਂ ਇਸ ਪਰੰਪਰਾ ਦੇ ਇਤਿਹਾਸਕ ਵਿਕਾਸਕ੍ਰਮ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਜਾਂ

2. ਪੱਛਮੀ ਆਲੋਚਨਾ ਸ਼ਾਸਤਰ ਦੇ ਦਾਰਸ਼ਨਿਕ ਸੰਕਲਪਾਂ ਨੂੰ ਸਪਸ਼ਟ ਕਰਦਿਆਂ ਇਸ ਦੀਆਂ ਪ੍ਰਮੁੱਖ ਸਥਾਪਨਾਵਾਂ ਨੂੰ ਸਪਸ਼ਟ ਕਰੋ। 1X14=14

**ਭਾਗ ਦੂਜਾ**

**ਨੋਟ–** ਹੇਠ ਲਿਖਿਆਂ ਵਿਚੋਂ ਕਿਸੇ **ਦੋ** ਪ੍ਰਸ਼ਨਾਂ ਦਾ ਉੱਤਰ ਲਿਖੋ:-

3. ਨਾਟਕ 'ਰਾਜਾ ਈਡੀਪਸ' ਨਾਟਕ ਦੀ ਨਾਟ-ਕਲਾ ਬਾਰੇ ਸਮੀਖਿਆਤਮਕ ਅਧਿਐਨ ਪੇਸ਼ ਕਰੋ।
4. ਨਾਵਲ 'ਸਿਧਾਰਥ' ਦੇ ਨਾਇਕ ਦੀ ਸਵੈ-ਤਲਾਸ਼ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
5. ਅਨਤੋਨ ਚੈਖ਼ੋਵ ਦੀਆਂ ਕਹਾਣੀਆਂ ਵਿਚੋਂ ਉਭਰਦੇ ਬਿਰਤਾਂਤ ਸਰੋਕਾਰਾਂ ਨਾਲ ਜਾਣ-ਪਛਾਣ ਕਰਵਾਓ।

2X14=28

**ਭਾਗ ਤੀਜਾ**

6. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਵਿਹਾਰਕ ਸਮੀਖਿਆ ਕਰੋ:-

ਮੁਖੌਟਾ, ਦੁਲਹਨ, ਤਿਤਲੀ 1X14=14

**ਭਾਗ ਚੌਥਾ**

7. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:-

- ਤੁਲਨਾਤਮਕ ਸਾਹਿਤ ਨਾਲ ਸੰਬੰਧਤ ਜਰਮਨ ਸਕੂਲ ਬਾਰੇ ਸੰਖੇਪ ਨੋਟ ਲਿਖੋ।
- ਪੱਛਮੀ ਨਾਵਲ ਪਰੰਪਰਾ ਨਾਲ ਸੰਬੰਧਤ ਚਾਰ ਨਾਵਲਕਾਰਾਂ ਦੇ ਨਾਮ ਲਿਖੋ।
- ਅਰਸਤੂ ਅਨੁਸਾਰ 'ਤ੍ਰਾਸਦੀ' ਦੀ ਕੀ ਪਰਿਭਾਸ਼ਾ ਹੈ?
- ਪਾਤਰ-ਚਿਤ੍ਰਣ ਦੀ ਤਕਨੀਕ ਉਪਰ ਟਿੱਪਣੀ ਲਿਖੋ।
- ਨਾਵਲ 'ਸਿਧਾਰਥ' ਦੇ ਪਾਤਰ ਵਾਸੁਦੇਵ ਬਾਰੇ ਸੰਖੇਪ ਟਿੱਪਣੀ ਲਿਖੋ।
- ਬਿਰਤਾਂਤ ਤੋਂ ਕੀ ਭਾਵ ਹੈ?
- 'ਖੋਲ ਵਿਚ ਰਹਿੰਦਾ ਆਦਮੀ' ਕਹਾਣੀ 'ਤੇ ਸੰਖੇਪ ਟਿੱਪਣੀ ਲਿਖੋ। 7X2=14
- 

Scanned with CamScanner

212203(ii)

Roll No............

M.A (Punjabi ) Sem 1-2

Paper No. 203(ii)

Punjabi Media : Sidhant Ate Par

(Regular) May-2017

ਸਮਾਂ : ਤਿੰਨ ਘੰਟੇ

ਕੁਲ ਅੰਕ : 70

ਨੋਟ: ਇਸ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚੋਂ ਇਕ,ਦੂਜੇ ਵਿਚੋਂ ਤਿੰਨ ਅਤੇ ਤੀਜੇ ਦੇ ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ ।

**ਭਾਗ ਪਹਿਲਾ**

1. ਪੰਜਾਬੀ ਮੀਡੀਆਂ ਦੀਆਂ ਵੱਖ-ਵੱਖ ਵੰਨਗੀਆਂ ਦਾ ਵਰਨਣ ਕਰਦੇ ਹੋਏ ਇਸਦੇ ਵਿਕਾਸ ਬਾਰੇ ਚਰਚਾ ਕਰੋ।

**ਜਾਂ**

ਜਨ-ਸੰਚਾਰ ਨੂੰ ਪਰਿਭਾਸ਼ਤ ਕਰਦੇ ਹੋਏ ਇਸਦੇ ਮਾਧਿਅਮਾਂ ਦੇ ਇਤਿਹਾਸਕ ਵਿਕਾਸ ਦਾ ਚਰਚਾ ਕਰੋ। 14

**ਭਾਗ ਦੂਜਾ**

(ਕੋਈ ਤਿੰਨ ਪ੍ਰਸ਼ਨ ਕਰੋ) 14X3 =42

2. ਪੰਜਾਬੀ ਸਿਨਮਾ ਦੇ ਪਿਛੋਕੜ ਬਾਰੇ ਦੱਸਦੇ ਹੋਏ ਸਮਕਾਲੀ ਪੰਜਾਬੀ ਸਿਨਮਾ ਦੀ ਦਸ਼ਾ ਤੇ ਦਿਸ਼ਾ ਨਿਸਚਤ ਕਰੋ।
3. ਰੇਡੀਓ ਸਮਾਚਾਰ ਨੂੰ ਪ੍ਰਸਰਾਨ ਤੋਂ ਪਹਿਲਾਂ ਕਿਹੜੇ ਪੜਾਵਾਂ ਵਿਚੋਂ ਗੁਜ਼ਰਨਾ ਪੈਦਾ ਹੈ। ਚਰਚਾ ਕਰੋ।
4. ਇਕ ਅਖ਼ਬਾਰ ਵਿਚ ਸੰਪਾਦਕ ਦੀ ਕੀ ਭੂਮਿਕਾ ਹੈ? ਵਿਸਥਾਰ ਸਹਿਤ ਚਰਚਾ ਕਰੋ।
5. ਪ੍ਰਿੰਟ ਜਾਂ ਬਿਜਲਈ ਮੀਡੀਆਂ ਕਿਹੜੇ ਸ੍ਰੋਤਾਂ ਤੋਂ ਖ਼ਬਰਾਂ ਲੈ ਕੇ ਪ੍ਰਕਾਸ਼ਤ/ਪ੍ਰਸਾਰਤ ਕਰਦੇ ਹਨ? ਚਰਚਾ ਕਰੋ।

**ਭਾਗ ਤੀਜਾ**

6. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ:- 7X2=14

ੳ: ਪੰਜਾਬੀ ਮੀਡੀਆ ਦੇ 4 ਕੇਂਦਰਾਂ ਦੇ ਨਾਮ ਲਿਖੋ।

ਅ: ਸਾਹਿਤਕ ਪੱਤਰਕਾਰੀ ਤੋਂ ਕੀ ਭਾਵ ਹੈ?

ੲ: ਇਕ ਚੰਗੇ ਦੁਭਾਸ਼ੀਏ ਵਿਚ ਕਿਹੜੇ ਗੁਣ ਹੁੰਦੇ ਹਨ?

ਸ: ਮਸ਼ੀਨੀ ਅਨੁਵਾਦ ਤੋਂ ਕੀ ਭਾਵ ਹੈ ?

ਕ: ਈ ਪੱਤਰਕਾਰੀ ਤੋਂ ਕੀ ਭਾਵ ਹੈ?

ਖ: ਖ਼ਬਰਾਂ ਨੂੰ ਇੱਕਤਰ ਕਰਨ ਵਿਚ ਸਮਾਚਾਰ ਰਿਪੋਰਟਰ ਦਾ ਕੀ ਯੋਗਦਾਨ ਹੈ?

ਘ: ਵਾਚਨ ਮੋਨੀਟਰਿੰਗ ਤੋਂ ਕੀ ਸਮਝਦੇ ਹੋ ?

Scanned with CamScanner

Paper code-212204(b)

Roll no.....................

Department of Punjabi
University of Delhi

Name of Examination : M.A. Sem.I-2(Regular)
Subject : Punjabi
Course : 204(b)
Paper : Punjabi Lok Parampra te lok Sahit
(Admission of 2009 & onwards)
(May, 2017)

**Time : 3 Hours** **Maximum Marks :70**

**Note: ਸਾਰੇ ਪ੍ਰਸ਼ਨ ਲਾਜ਼ਮੀ ਹਨ/ सभी प्रश्न अनिवार्य हैं/ All questions are compulsory**

**ਭਾਗ-ਪਹਿਲਾ/ भाग-1/Part-1**

1. What do you mean by folklore and its elements? Also elaborate its importance in our life.
लोकधारा और इसके तत्वों से क्या तात्पर्य है ? हमारे जीवन में इसके महत्व पर भी रौशनी डालें ।
ਲੋਕਧਾਰਾ ਤੇ ਇਸ ਦੇ ਤੱਤਾਂ ਤੋਂ ਕੀ ਭਾਵ ਹੈ ?ਸਾਡੇ ਜੀਵਨ ਵਿਚ ਇਸ ਦੇ ਮਹੱਤਵ ਬਾਰੇ ਵੀ ਚਰਚਾ ਕਰੋ।

or या ਜਾਂ

Write a detailed note on changing face of folklore in modern times? 1×16=16
आधुनिक समय में लोकधारा के बदलते सवरूप पर एक विस्तृत नोट लिखें ।
ਆਧੁਨਿਕ ਦੌਰ ਵਿਚ ਲੋਕਧਾਰਾ ਦੇ ਬਦਲਦੇ ਸਰੂਪ ਉੱਤੇ ਵਿਸਤ੍ਰਿਤ ਨੋਟ ਲਿਖ।

**ਭਾਗ-ਦੂਜਾ/ भाग-II/Part-11**

**Answer any three questions / कोई तीन प्रश्नों के उत्तर लिखें/ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ** 3×13=39

2. What is the difference between fair and festival? Write a detailed note on Punjabi fairs and festivals.
मेले और त्योहार के बीच क्या अंतर है? पंजाबी मेलों और त्यौहारों पर एक विस्तृत नोट लिखें ।
ਮੇਲੇ ਤੇ ਤਿਉਹਾਰ ਵਿਚ ਕੀ ਅੰਤਰ ਹੈ? ਪੰਜਾਬ ਦੇ ਮੇਲਿਆਂ ਅਤੇ ਤਿਉਹਾਰਾਂ ਉੱਤੇ ਵਿਸਤ੍ਰਿਤ ਨੋਟ ਲਿਖੋ ।
3. What do you know about Punjabi rites and rituals related with birth, marriage and death? Discuss in detail.
जन्म, विवाह और मृत्यु से संबंधित पंजाबी रस्में और संस्कार के बारे में आप क्या जानते हो? विस्तार से चर्चा करें।
ਪੰਜਾਬ ਦੀਆਂ ਜਨਮ,ਵਿਆਹ ਤੇ ਮੌਤ ਨਾਲ ਸੰਬੰਧਿਤ ਰੀਤਾਂ ਤੇ ਰਸਮਾਂ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਤਾਰ ਵਿਚ ਚਰਚਾ ਕਰੋ।
4. Write a detailed note on Punjabi folk drama.
पंजाबी लोक नाटक पर एक विस्तृत नोट लिखें ।
ਪੰਜਾਬੀ ਲੋਕ ਨਾਟ ਬਾਰੇ ਵਿਸਤ੍ਰਿਤ ਨੋਟ ਲਿਖੋ ।

Scanned with CamScanner

5. ਪੁਸਤਕ 'ਬਾਤਾਂ ਮੁੱਢ ਕਦੀਮ ਦੀਆਂ' ਵਿਚ ਪੇਸ਼ ਹੋਈਆਂ ਲੋਕ-ਰੂੜੀਆਂ ਬਾਰੇ ਚਰਚਾ ਕਰੋ।
Discuss about the 'Folk – Motifs' depicted in book 'Baatan Mudh Kadeem dian' ?
पुस्तक 'बातां मुढ कदीम दीयां ' में चित्रित 'लोक रूढ़ियाँ' ('फोक-मोटिफ्स') के बारे में चर्चा करें।

**Part-III / भाग/ ਭਾਗ-ਤੀਜਾ**

6. Give brief answers to all the following questions. /निम्न लिखित सभी प्रश्नों के संक्षिप्त उत्तर लिखें/ ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: **5×3=15**

i) Is folklore related to old times only?
क्या लोकधारा केवल पुराने ज़माने से संबंधित है ?
ਕੀ ਲੋਕਧਾਰਾ ਦਾ ਸੰਬੰਧ ਸਿਰਫ਼ ਪੁਰਾਣੇ ਸਮਿਆਂ ਨਾਲ ?

ii) Define folk literature.
लोक साहित्य को परिभाषित करें।
ਲੋਕ ਸਾਹਿਤ ਨੂੰ ਪਰਿਭਾਸ਼ਤ ਕਰੋ।

iii) Provide brief information about any Punjabi folk dance.
किसी एक पंजाबी लोक नृत्य के बारे में संक्षिप्त जानकारी दें ।
ਮਰਦਾਂ ਦੇ ਕਿਸੇ ਇਕ ਪੰਜਾਬੀ ਲੋਕ ਨਾਚ ਬਾਰੇ ਸੰਖੇਪ ਜਾਣਕਾਰੀ ਦਿਓ।

iv) Define the term 'Legend'.
दन्त कथा को परिभाषित करें ।
ਦੰਤ ਕਥਾ ਨੂੰ ਪਰਿਭਾਸ਼ਤ ਕਰੋ।

v) Write the names of four famous Punjabi folk dances.
चार प्रसिद्ध पंजाबी लोक नृत्यों के नाम लिखें।
ਚਾਰ ਪ੍ਰਮੁੱਖ ਪੰਜਾਬੀ ਲੋਕ-ਨਾਚਾਂ ਦੇ ਨਾਂ ਲਿਖੋ ।

Scanned with CamScanner

P – 212401

Roll No..................................

MA Sem – II - 2
PUNJABI : Course No – 401
Parvasi Punjabi Sahit : Sidhant, Itihas ate Parvirtian
(Admission of 2009 & onwards)
Regular
(May 2017)

Time : 3 Hours

Max. Marks : 70

ਨੋਟ : ਇਸ ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਪਹਿਲੇ ਭਾਗ ਵਿਚੋਂ ਕਿਸੇ ਇਕ, ਦੂਜੇ ਭਾਗ ਵਿਚੋਂ ਕਿਸੇ ਦੋ, ਤੀਜੇ ਭਾਗ ਵਿਚੋਂ ਕਿਸੇ ਇਕ ਅਤੇ ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।

ਭਾਗ ਪਹਿਲਾ

1. ਪਰਵਾਸੀ ਪੰਜਾਬੀ ਸਾਹਿਤ ਦੇ ਇਤਿਹਾਸਕ-ਪਿਛੋਕੜ ਉਪਰ ਰੌਸ਼ਨੀ ਪਾਉ।

ਜਾਂ

ਪਰਵਾਸ ਤੇ ਡਾਇਸਪੋਰਾ ਵਿਚਲਾ ਅੰਤਰ ਸਪੱਸ਼ਟ ਕਰਦਿਆਂ ਪੰਜਾਬੀ ਡਾਇਸਪੋਰਾ ਉਪਰ ਸਮੀਖਿਆਤਮਕ-ਨਿਬੰਧ ਲਿਖੋ। 14X1=14

ਭਾਗ ਦੂਜਾ

2. **ਆਪਣੇ ਖਿਲਾਫ਼** ਪੁਸਤਕ ਵਿਚ ਰਵਿੰਦਰ ਰਵੀ ਕਿਨ੍ਹਾਂ ਥੀਮਿਕ ਪਾਸਾਰਾਂ ਨੂੰ ਸਿਰਜਦਾ ਹੈ, ਚਰਚਾ ਕਰੋ।
3. **ਫਰੰਗੀਆਂ ਦੀ ਨੂੰਹ** ਕਹਾਣੀ-ਸੰਗ੍ਰਹਿ ਵਿਚ ਪੇਸ਼ ਨਾਰੀ ਸਰੋਕਾਰਾਂ ਬਾਰੇ ਚਰਚਾ ਕਰੋ।
4. **ਪੈੜਾਂ ਦੇ ਆਰ-ਪਾਰ** ਨਾਵਲ ਵਿਚੋਂ ਕਿਹੋ ਜਿਹਾ ਨਾਰੀਵਾਦੀ ਦ੍ਰਿਸ਼ਟੀਕੋਣ ਉੱਭਰਦਾ ਹੈ? ਚਰਚਾ ਕਰੋ।

14X2=28

ਭਾਗ ਤੀਜਾ

5. ਹੇਠ ਲਿਖੀਆਂ ਰਚਨਾਵਾਂ ਵਿਚੋਂ ਕਿਸੇ ਇਕ ਦੀ ਵਿਹਾਰਕ ਸਮੀਖਿਆ ਕਰੋ : 14X1=14
   i) ਪੰਜ ਦਰਿਆ ਅਸੀਂ ਪਲਕੀ ਪਾਏ
   ii) ਸਤੀ

ਭਾਗ ਚੌਥਾ

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ : 2X7=14
   i) "ਵਿਅਕਤੀ ਬਨਾਮ ਕੰਪਿਊਟਰ" ਕਵਿਤਾ ਬਾਰੇ ਟਿੱਪਣੀ ਕਰੋ।
   ii) "ਫਰੰਗੀਆਂ ਦੀ ਨੂੰਹ" ਕਹਾਣੀ ਉਪਰ ਟਿੱਪਣੀ ਕਰੋ।
   iii) ਉੱਤਰ ਬਸਤੀਵਾਦ ਬਾਰੇ ਟਿੱਪਣੀ ਕਰੋ।
   iv) ਸਿਲੇਬਸ ਤੋਂ ਇਲਾਵਾ ਦਰਸ਼ਨ ਧੀਰ ਦੇ ਕੋਈ ਚਾਰ ਨਾਵਲਾਂ ਦੇ ਨਾਂ ਲਿਖੋ।
   v) "ਜਾਗੋ" ਕਵਿਤਾ ਦੇ ਰਾਹੀਂ ਕਵੀ ਕੀ ਪੈਗ਼ਾਮ ਸਿਰਜਦਾ ਹੈ, ਟਿੱਪਣੀ ਕਰੋ।
   vi) "ਗੁਲਬਾਨੋ" ਕਹਾਣੀ ਉਪਰ ਟਿੱਪਣੀ ਕਰੋ।
   vii) ਪਰਵਾਸੀ ਤੇ ਆਵਾਸੀ ਵਿਚ ਕੀ ਭੇਦ ਹੈ, ਸਪੱਸ਼ਟ ਕਰੋ।

Scanned with CamScanner

P 212402

Roll No..............

M.A.(Punjabi)Sem.II-2
Course No-402
Paper:Bhasha Vigian ate Punjabi di Bantar:Sidhant,Itihas ate Parvirtian
(Admission of 2009& onwards)
(Regular)
(May-2017)

ਕੁੱਲ ਸਮਾਂ:ਤਿੰਨ ਘੰਟੇ

ਕੁੱਲ ਅੰਕ:70

ਨੋਟ: ਇਸ ਪ੍ਰਸ਼ਨ ਪੱਤਰ ਦੇ **ਪੰਜ** ਭਾਗ ਹਨ। ਸਾਰੇ ਭਾਗ ਲਾਜ਼ਮੀ ਹਨ। ਪਹਿਲੇ **ਚਾਰ** ਭਾਗਾਂ ਵਿਚੋਂ **ਇਕ-ਇਕ** ਪ੍ਰਸ਼ਨ ਕਰਨਾ ਲਾਜ਼ਮੀ ਹੈ ਜਦਕਿ ਭਾਗ **ਪੰਜਵੇਂ** ਦੇ **ਸਾਰੇ** ਪ੍ਰਸ਼ਨ ਸੰਖੇਪ ਵਿਚ ਕਰਨੇ ਹਨ।

**ਭਾਗ ਪਹਿਲਾ**

1. ਭਾਸ਼ਾ ਦੀ ਪਰਿਭਾਸ਼ਾ ਦਿੰਦੇ ਹੋਏ, ਇਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਓ।

ਜਾਂ 14

ਸੋਸਿਊਰ ਦੀ ਆਧੁਨਿਕ ਭਾਸ਼ਾ ਵਿਗਿਆਨ ਨੂੰ ਕੀ ਦੇਣ ਹੈ? ਇਸ ਬਾਰੇ ਆਪਣੇ ਸ਼ਬਦਾਂ ਵਿਚ ਲਿਖੋ ।

**ਭਾਗ ਦੂਜਾ**

2. ਧੁਨੀ-ਵਿਗਿਆਨ ਨੂੰ ਪਰਿਭਾਸ਼ਤ ਕਰਦੇ ਹੋਏ, ਇਸ ਦੇ ਅਧਿਐਨ ਖੇਤਰ 'ਉਚਾਰਨ ਅੰਗਾਂ' ਬਾਰੇ ਵਿਸਤਾਰ ਵਿੱਚ ਚਰਚਾ ਕਰੋ।

ਜਾਂ 14

ਪੰਜਾਬੀ ਭਾਸ਼ਾ ਦੀ ਭਾਵੰਸ਼ ਵਿਉਂਤ ਬਾਰੇ ਵਿਸਤਾਰ ਸਹਿਤ ਨੋਟ ਲਿਖੋ।

**ਭਾਗ ਤੀਜਾ**

3. ਮਲਵਈ ਤੇ ਦੁਆਬੀ ਉਪਭਾਸ਼ਾ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ।

ਜਾਂ 14

ਪੰਜਾਬੀ ਭਾਸ਼ਾ ਦੀਆਂ ਸਵਰ ਧੁਨੀਆਂ ਉਪਰ ਵਿਸਤਾਰਮਈ ਨੋਟ ਲਿਖੋ।

**ਭਾਗ ਚੌਥਾ**

4. ਕਾਰਕ ਤੇ ਵਿਭਕਤੀ ਦਾ ਸੰਬੰਧ ਦੱਸਦੇ ਹੋਏ, ਕਾਰਕ ਦੀਆਂ ਵਿਭਿੰਨ ਕਿਸਮਾਂ ਬਾਰੇ ਉਦਾਹਰਨਾਂ ਸਹਿਤ ਲਿਖੋ।

ਜਾਂ 14

ਵਾਕ ਨੂੰ ਪਰਿਭਾਸ਼ਤ ਕਰੋ ਅਤੇ ਪੰਜਾਬੀ ਭਾਸ਼ਾ ਦੇ ਸਧਾਰਨ ਵਾਕਾਂ ਦੇ ਪੈਟਰਨਾਂ ਬਾਰੇ ਜਾਣਕਾਰੀ ਦਿਓ।

**ਭਾਗ ਪੰਜਵਾਂ**

5. **ਸਾਰੇ ਪ੍ਰਸ਼ਨਾਂ ਦੇ ਸੰਖੇਪ ਰੂਪ ਵਿਚ ਉੱਤਰ ਦਿਓ:**

ੳ. ਖੰਡੀ ਧੁਨੀਆਂ ਤੋਂ ਕੀ ਭਾਵ ਹੈ?

ਅ. ਪੰਜਾਬੀ ਭਾਸ਼ਾ ਦੇ ਸੁਰ ਪ੍ਰਬੰਧ ਬਾਰੇ ਟਿੱਪਣੀ ਕਰੋ।

ੲ. ਪੁਆਧੀ ਉਪਭਾਸ਼ਾ ਕਿੱਥੇ-ਕਿੱਥੇ ਬੋਲੀ ਜਾਂਦੀ ਹੈ?

ਸ. ਸੰਬੰਧਕ ਦੀ ਪਰਿਭਾਸ਼ਾ ਦਿਓ।

ਹ. 'ਸਲੈਂਗ' ਭਾਸ਼ਾ ਵੰਨਗੀ ਬਾਰੇ ਜਾਣਕਾਰੀ ਦਿਓ।

ਕ. ਉਪਵਾਕ ਦੀ ਪਰਿਭਾਸ਼ਾ ਦਿਓ।

ਖ. ਗੁਰਮੁਖੀ ਲਿਪੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ। 2X7=14

Scanned with CamScanner

PG-212403(i)

Roll No.........

M.A. Semester. II.2
Punjabi Course No. 403(i)
Paper: Pachhmi Sahit Sidhant ate Punjabi Alochna: Sidhant, Itihas te Parvirtian
(Admission of 2009 & Onwards)
Regular
May 2017

ਕੁੱਲ ਸਮਾਂ: 3 ਘੰਟੇ

ਕੁੱਲ ਅੰਕ: 70

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

1. ਅਸਤਿਤਵਾਦ ਮਨੁੱਖੀ ਹੋਂਦ ਨਾਲ ਜੁੜੇ ਕਿਹੜੇ ਬੁਨਿਆਦੀ ਸਵਾਲਾਂ ਨੂੰ ਮੁਖਾਤਬ ਹੁੰਦਾ ਹੈ ? ਵਿਸਤਾਰ ਵਿਚ ਦੱਸੋ।

ਜਾਂ

ਯਥਾਰਥਵਾਦ ਨੂੰ ਪਰਿਭਸ਼ਤ ਕਰਦੇ ਹੋਏ, ਇਸ ਨੂੰ ਇਕ ਕਲਾਤਮਕ ਲਹਿਰ ਵਜੋਂ ਵਿਚਾਰੋ। 1X14=14

**ਭਾਗ ਦੂਜਾ**

2. ਮਾਰਕਸਵਾਦ ਤੋਂ ਤੁਸੀਂ ਕੀ ਭਾਵ ਹੈ? ਮਾਰਕਸਵਾਦ ਦੇ ਦਾਰਸ਼ਨਿਕ ਅਧਾਰਾਂ ਨੂੰ ਸਪਸ਼ਟ ਕਰੋ।

ਜਾਂ

ਰੂਸੀ ਰੂਪਵਾਦ ਨਾਲ ਸੰਬੰਧਤ ਪ੍ਰਮੁੱਖ ਸੰਕਲਪਾਂ ਦੀ ਸਮੀਖਿਆਤਮਕ ਪੜਚੋਲ ਪ੍ਰਸਤੁਤ ਕਰੋ।

1X14=14

**ਭਾਗ ਤੀਜਾ**

3. ਨਾਰੀਵਾਦ ਦੇ ਸਿਧਾਂਤਕ ਅਧਾਰਾਂ ਨੂੰ ਸਪਸ਼ਟ ਕਰਦੇ ਹੋਏ, ਨਾਰੀਵਾਦ ਤੇ ਉਤਰ-ਨਾਰੀਵਾਦ ਵਿਚਲੀ ਸਾਂਝ ਤੇ ਵਖਰੇਵੇਂ ਨੂੰ ਸਪਸ਼ਟ ਕਰੋ।

ਜਾਂ

ਉਤਰਆਧੁਨਿਕਵਾਦੀ ਦਰਸ਼ਨ ਦੀਆਂ ਪ੍ਰਮੁੱਖ ਸਥਾਪਨਾਵਾਂ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।

1X14=14

**ਭਾਗ ਚੌਥਾ**

4. ਪੰਜਾਬੀ ਆਲੋਚਨਾ ਦੇ ਇਤਿਹਾਸਕ ਵਿਕਾਸ ਕ੍ਰਮ ਉੱਤੇ ਵਿਸਤ੍ਰਿਤ ਨੋਟ ਲਿਖੋ।

ਜਾਂ

ਹਰਿਭਜਨ ਸਿੰਘ ਦੀ ਆਲੋਚਨਾ ਦ੍ਰਿਸ਼ਟੀ ਦੇ ਕੇਂਦਰੀ ਨੁਕਤਿਆਂ ਬਾਰੇ ਚਰਚਾ ਕਰੋ। 1X14=14

**ਭਾਗ ਪੰਜਵਾਂ**

5. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:- 7X2=14

ੳ) ਅਸਤਿਤਵਵਾਦ ਦਾ ਮਾਨਵੀ ਹੋਂਦ ਦੇ ਉਦੇਸ਼ ਬਾਰੇ ਕੀ ਮੱਤ ਹੈ ?

ਅ) ਪ੍ਰਕਿਰਤੀਵਾਦ ਨੂੰ ਪਰਿਭਾਸ਼ਤ ਕਰੋ।

ੲ) ਅਜਨਬੀਕਰਨ ਤੋਂ ਕੀ ਭਾਵ ਹੈ ?

ਸ) ਚਾਰ ਉਤਰਸੰਰਚਨਾਵਾਦੀ ਚਿੰਤਕਾਂ ਦੇ ਨਾਮ ਲਿਖੋ।

ਹ) ਜੱਕ ਦੈਰਿਦਾ ਦੀਆਂ ਦੋ ਪੁਸਤਕਾਂ ਦੇ ਨਾਮ ਲਿਖੋ।

ਕ) ਨੀਂਹ ਅਤੇ ਉਸਾਰ ਦੇ ਮਾਰਕਸਵਾਦੀ ਮਾਡਲ 'ਤੇ ਸੰਖੇਪ ਟਿੱਪਣੀ ਲਿਖੋ।

ਖ) ਡਾ. ਅਤਰ ਸਿੰਘ ਦੀਆਂ ਦੋ ਆਲੋਚਨਾ ਪੁਸਤਕਾਂ ਦੇ ਨਾਂ ਦੱਸੋ।

Scanned with CamScanner

Paper code-212404(b)

Roll no......................

**Department of Punjabi**
**University of Delhi**

Name of Examination : M.A. Sem.II-2(Regular)
Subject : Punjabi
Course : 404(b)
Paper : History of Punjabi Literature
(Admission of 2009 & onwards)
(May, 2017)

**Time : 3 Hours** **Maximum Marks :70**

**Note: ਸਾਰੇ ਪ੍ਰਸ਼ਨ ਲਾਜ਼ਮੀ ਹਨ/ सभी प्रश्न अनिवार्य हैं/ All questions are compulsory**

**ਭਾਗ–ਪਹਿਲਾ/ भाग-1/Part-I**

1. ਇਤਿਹਾਸ ਤੋਂ ਕੀ ਭਾਵ ਹੈ?ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ ਉਤੇ ਨੋਟ ਲਿਖੋ।
इतिहास से क्या तात्पर्य है? साहित्य की इतिहासकारी की समस्याओं पर नोट लिखें ।
What is the meaning of history? Write a note on the problems of the historiography.

ਜਾਂ/ या/ or

ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੌਰਾਨ ਕਾਲ ਵੰਡ ਦਾ ਮਸਲਾ ਹੱਲ ਕਰਨ ਲਈ ਕਿਹੜੇ-ਕਿਹੜੇ ਵਿਦਵਾਨਾਂ ਨੇ ਯੋਗਦਾਨ ਪਾਇਆ? ਵਿਸਤਾਰ ਸਹਿਤ ਲਿਖੋ।
पंजाबी साहित्य की इतिहासकारी में काल विभाजन का मसला सुलझाने के लिए कौन -कौन से विद्वानों ने योगदान दिया?सविस्तार लिखो।
Which scholars contributed to solve the issue of time period division in the history Of Punjabi literature? Elaborate it. 16

**ਭਾਗ–ਦੂਜਾ/ भाग-II/Part-II**

**(ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ/ कोई तीन प्रश्नों के उत्तर लिखें/Answer any three questions. )**

2. ਪ੍ਰਮੁੱਖ ਕਿੱਸਿਆਂ ਦੇ ਹਵਾਲੇ ਨਾਲ ਪੰਜਾਬੀ ਕਿੱਸਾ ਕਾਵਿ ਦੇ ਇਤਿਹਾਸ ਉੱਤੇ ਵਿਸਤ੍ਰਿਤ ਨੋਟ ਲਿਖੋ।
प्रमुख किस्सों के संदर्भ में पंजाबी क़िस्सा काव्य के इतिहास पर एक विस्तृत नोट लिखें।
Write a detailed note on the history of Punjabi Qissa Kaav with reference to prominent Qissa texts.
3. ਆਧੁਨਿਕ ਪੰਜਾਬੀ ਨਾਟਕ ਦੇ ਇਤਿਹਾਸਕ ਵਿਕਾਸ ਬਾਰੇ ਜਾਣਕਾਰੀ ਭਰਪੂਰ ਨੋਟ ਲਿਖੋ।
आधुनिक पंजाबी नाटक के ऐतिहासिक विकास पर एक वर्णनात्मक नोट लिखें।
Write a descriptive note on the historical development of modern Punjabi drama.
4. ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਕਿਹੜੀਆਂ ਹਨ? ਵਿਸਤਾਰ ਸਹਿਤ ਦੱਸੋ।
आधुनिक पंजाबी कविता में प्रमुख प्रवृत्तियाँ कौन सी हैं ? विस्तार से चर्चा करें।
What are the main tendencies of modern Punjabi poetry? Discuss in detail.

Scanned with CamScanner

5. ਪੰਜਾਬੀ ਸੂਫ਼ੀ ਕਾਵਿ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਤਾਰ ਸਹਿਤ ਲਿਖੋ।
पंजाबी सूफी काव्य के इतिहास पर एक विस्तृत नोट लिखें।
Write a detailed note on the history of Punjabi Sufi poetry. 3×13=39

## ਭਾਗ–ਤੀਜਾ/ भाग-III/Part-III

6. ਨੋਟ:-ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ/निम्न लिखित सभी प्रश्नों के संक्षिप्त उत्तर लिखें/Give brief answers to all the following questions.

i) ਵਾਰ ਅਤੇ ਜੰਗਨਾਮਾ ਵਿਚਲਾ ਅੰਤਰ ਸਪਸ਼ਟ ਕਰੋ।
वार तथा जंगनामा का अंतर स्पष्ट करें।
Explain the difference between vaar and jangnaama.

ii) ਤਿੰਨ ਪ੍ਰਮੁੱਖ ਗੁਰੂ ਕਵੀਆਂ ਦੇ ਨਾਂ ਦੱਸੋ।
तीन प्रमुख पंजाबी गुरु कवियों के नाम लिखें।
Write the names of three prominent Punjabi guru poets.

iii) ਮੱਧਕਾਲੀਨਤਾ ਅਤੇ ਆਧੁਨਿਕਤਾ ਸੰਕਲਪ ਦੇ ਕੋਈ ਤਿੰਨ ਅੰਤਰ ਸਪਸ਼ਟ ਕਰੋ।
मध्यकालीनता और आधुनिकता संकल्प के कोई तीन अंतर स्पष्ट करें।
Explain any three differences in pre modern and modern concepts.

iv) ਕੋਈ ਤਿੰਨ ਆਧੁਨਿਕ ਪੰਜਾਬੀ ਨਾਰੀ ਕਹਾਣੀਕਾਰਾਂ ਦੇ ਨਾਂ ਲਿਖੋ।
कोई तीन आधुनिक पंजाबी नारी कहानीकारों के नाम लिखें
Write the names of three modern Punjabi female story writers.

v) ਪੰਜਾਬੀ ਸਾਹਿਤ ਦੇ ਤਿੰਨ ਪ੍ਰਮੁੱਖ ਨਾਵਲਕਾਰਾਂ ਦੇ ਨਾਂ ਲਿਖੋ।
पंजाबी साहित्य के तीन प्रमुख उपन्यासकारों के नाम लिखो।
Write the names of three main Punjabi novelists. 5×3=15

Scanned with CamScanner